ਲੀਗਲ ਸੇਵਾਵਾਂ 905-913-2355
ਖਟਮਲਾਂ, ਕੌਕਰੋਚਾਂ ਅਤੇ ਚੂਹਿਆਂ ਦਾ ਖ਼ਾਤਮਾ 416-277-9742
Line of Credit Fix Bad Credit Get OSAP Loan 905-965-4644
12 Beds, 7 Baths For 24 Guests 905-965-4644
ਮਰਦਾਨਾ ਕਮਜ਼ੋਰੀ 416-992-5489
Sher Atta $14.99 20LB 905-678-0300
ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977

ਭਾਰਤ ਨੇ ਵਾਪਿਸ ਲਿਆਂਦਾ 64 ਟਨ ਸੋਨਾ

ਨਵੀਂ ਦਿੱਲੀ: ਭਾਰਤੀ ਰਿਜ਼ਰਵ ਬੈਂਕ (RBI) ਨੇ ਦੇਸ਼ ਦੀ ਆਰਥਿਕ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਇੱਕ ਮਹੱਤਵਪੂਰਣ ਕਦਮ ਚੁੱਕਿਆ ਹੈ। RBI ਨੇ ਪਿਛਲੇ ਛੇ ਮਹੀਨਿਆਂ (ਮਾਰਚ ਤੋਂ ਸਤੰਬਰ 2025) ਦੌਰਾਨ ਵਿਦੇਸ਼ਾਂ 'ਚ ਰੱਖਿਆ 64 ਹਜ਼ਾਰ ਕਿਲੋਗ੍ਰਾਮ (64 ਟਨ) ਸੋਨਾ ਵਾਪਿਸ ਲਿਆਂਦਾ ਹੈ। ਇਹ ਫ਼ੈਸਲਾ ਦੁਨੀਆਂ ਭਰ 'ਚ ਵੱਧ ਰਹੇ ਤਨਾਅ ਦੇ ਸਮੇਂ ਆਇਆ ਹੈ, ਅਤੇ ਇਸ ਕਦਮ ਨੂੰ ਭਾਰਤ ਦੀ ਆਰਥਿਕ ਆਜ਼ਾਦੀ ਅਤੇ ਸੰਪਤੀਆਂ ਦੀ ਸੁਰੱਖਿਆ ਵੱਲ ਇੱਕ ਵੱਡੀ ਪਹਿਲ ਮੰਨਿਆ ਜਾ ਰਿਹਾ ਹੈ। ਹੇਠਾਂ ਅਸੀਂ ਦੇ ਰਹੇ ਹਾਂ ਭਾਰਤ ਵਲੋਂ ਆਪਣਾ ਸੋਨਾ ਵਾਪਿਸ ਮੰਗਵਾਉਣ ਦੇ ਕਾਰਨ।

ਭੂ-ਰਾਜਨੀਤਿਕ ਤਨਾਅ: ਦੁਨੀਆਂ ਭਰ 'ਚ ਵੱਧ ਰਹੇ ਭੂ-ਰਾਜਨੀਤਿਕ ਤਨਾਅ ਦੇ ਕਾਰਨ ਬਹੁਤ ਸਾਰੇ ਦੇਸ਼ ਸੰਪਤੀਆਂ ਫ਼ਰੀਜ਼ ਕੀਤੇ ਜਾਣ ਅਤੇ ਪਾਬੰਦੀਆਂ ਦਾ ਸਾਹਮਣਾ ਕਰ ਰਹੇ ਹਨ। ਮੌਜੂਦਾ ਟੈਰਿਫ਼ ਯੁੱਧ 'ਚ ਘਰੇਲੂ ਧਰਤੀ 'ਤੇ ਸੋਨਾ ਰੱਖਣਾ ਸਭ ਤੋਂ ਸੁਰੱਖਿਅਤ ਵਿਕਲਪ ਮੰਨਿਆ ਜਾਂਦਾ ਹੈ।

ਸੁਰੱਖਿਆ: RBI ਦਾ ਮੰਨਣਾ ਹੈ ਕਿ

ਘਰੇਲੂ ਤਿਜੋਰੀਆਂ 'ਚ ਸੋਨਾ ਸਟੋਰ ਕਰਨ ਨਾਲ ਵਿਸ਼ਵਵਿਆਪੀ ਸੰਕਟ ਜਾਂ ਵਪਾਰਕ ਪਾਬੰਦੀ ਦੀ ਸਥਿਤੀ 'ਚ ਦੇਸ਼ ਦੀ ਆਰਥਿਕ ਤਾਕਤ ਬਣੀ ਰਹੇਗੀ। ਇਹ ਵਿੱਤੀ ਖ਼ੁਦਮੁਖ਼ਤਿਆਰੀ ਵੱਲ ਇੱਕ ਕਦਮ ਹੈ। ਇਸ ਦਾ ਮਤਲਬ ਹੈ ਕਿ ਦੇਸ਼ ਦਾ ਰੀਜ਼ਰਵ ਬੈਂਕ ਬਿਨਾਂ ਕਿਸੇ ਸਹਾਇਤਾ ਦੇ ਆਪਣੇ ਵਿੱਤੀ ਫ਼ੈਸਲੇ ਲੈ ਸਕਦਾ ਹੈ।

ਜੋਖਮ ਘਟਾਉਣਾ: ਰੂਸ, ਈਰਾਨ ਅਤੇ ਵੈਨੇਜ਼ੁਏਲਾ ਵਰਗੇ ਦੇਸ਼ਾਂ 'ਤੇ ਲਗਾਈਆਂ ਗਈਆਂ ਪੱਛਮੀ ਪਾਬੰਦੀਆਂ ਤੋਂ ਬਾਅਦ ਭਾਰਤ ਨੇ ਇਹ ਫ਼ੈਸਲਾ ਆਪਣੀ ਜੋਖ਼ਮ-ਘਟਾਉਣ ਯੋਜਨਾ ਦੇ ਹਿੱਸੇ ਵਜੋਂ ਲਿਆ ਹੈ।

RBI ਕੋਲ ਕੁੱਲ ਸੋਨੇ ਦਾ ਭੰਡਾਰ: ਰੀਜ਼ਰਵ ਬੈਂਕ ਔਫ਼ ਇੰਡੀਆ ਦੀ ਰਿਪੋਰਟ ਅਨੁਸਾਰ ਸਤੰਬਰ 2025 ਦੇ ਅੰਤ ਤਕ RBI ਕੋਲ ਕੁੱਲ 880.8 ਟਨ ਸੋਨਾ ਸੀ ਜਿਸ 'ਚੋਂ 575.8 ਟਨ ਹੁਣ ਭਾਰਤ 'ਚ ਰੱਖਿਆ ਗਿਆ ਹੈ। ਇਸ ਦੌਰਾਨ ਲਗਭਗ 290.3 ਟਨ ਬੈਂਕ ਔਫ਼ ਇੰਗਲੈਂਡ ਅਤੇ ਬੈਂਕ ਫ਼ੌਰ ਇੰਟਰਨੈਸ਼ਨਲ ਸੈਟਲਮੈਂਟਸ (BIS) ਵਰਗੀਆਂ ਵਿਦੇਸ਼ੀ ਸੰਸਥਾਵਾਂ ਕੋਲ ਰੱਖਿਆ ਗਿਆ ਹੈ। 31 ਮਾਰਚ 2024 ਤਕ ਇਹ ਅੰਕੜਾ 822.10 ਟਨ ਸੀ। ਇਹ ਇੱਕ ਸਾਲ 'ਚ 57.48 ਟਨ ਦੇ ਵਾਧੇ ਨੂੰ ਦਰਸਾਉਂਦਾ ਹੈ।

ਕਿੱਥੇ ਕੀਤਾ ਜਾਂਦੈ ਸੋਨਾ ਸਟੋਰ ? RBI ਨੇ ਮੁੰਬਈ ਅਤੇ ਨਾਗਪੁਰ 'ਚ ਸਥਿਤ ਸੋਨੇ ਨੂੰ ਸੁਰੱਖਿਅਤ ਢੰਗ ਨਾਲ ਸਟੋਰ ਕਰਨ ਲਈ ਗੋਲਡ ਵਾਲਟ ਸਥਾਪਿਤ ਕੀਤੇ ਹਨ। ਮਾਰਚ 2023 ਤੋਂ RBI ਵਿਦੇਸ਼ਾਂ ਤੋਂ ਕੁੱਲ 274 ਟਨ ਸੋਨਾ ਵਾਪਿਸ ਲਿਆਇਆ ਹੈ।

ਸੋਨੇ ਦੀਆਂ ਕੀਮਤਾਂ 'ਤੇ ਪ੍ਰਭਾਵ: ਕਈ ਰੀਜ਼ਰਵ ਬੈਂਕਾਂ ਵਲੋਂ ਸੋਨਾ ਖ਼ਰੀਦਣ ਅਤੇ ਵਾਪਿਸ ਭੇਜਣ ਦੀਆਂ ਖ਼ਬਰਾਂ ਦੇ ਨਾਲ-ਨਾਲ ਵਿਸ਼ਵਵਿਆਪੀ ਅਨਿਸ਼ਚਿਤਤਾਵਾਂ ਨੇ ਸੋਨੇ ਦੀ ਮੰਗ ਵਧਾ ਦਿੱਤੀ ਹੈ। ਪਿਛਲੇ ਸਾਲ ਸੋਨੇ ਦੀਆਂ ਕੀਮਤਾਂ 'ਚ 52% ਦਾ ਵਾਧਾ ਹੋਇਆ ਸੀ। 20 ਅਕਤੂਬਰ ਨੂੰ ਸੋਨੇ ਦੀਆਂ ਕੀਮਤਾਂ $4,381.21 ਪ੍ਰਤੀ ਔਂਸ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈਆਂ ਸਨ।

ਨਹੀਂ ਹੋਈ ਪੂਰਾ ਸਟਾਫ਼ ਬਹਾਲ ਕਰਨ 'ਤੇ ਕੋਈ ਸਹਿਮਤੀ - ਭਾਰਤੀ ਰਾਜਦੂਤ

ਟੋਰੰਟੋ: ਕੈਨੇਡਾ ਵਿਚਲੇ ਨਵੇਂ ਭਾਰਤੀ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਨੇ ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਦੇ ਉਸ ਦਾਅਵੇ ਨੂੰ ਰੱਦ ਕਰ ਦਿੱਤਾ ਹੈ ਜਿਸ 'ਚ ਉਨ੍ਹਾਂ ਕਿਹਾ ਸੀ ਕਿ ਨਵੀਂ ਦਿੱਲੀ ਕੈਨੇਡਾ ਦੇ ਡਿਪਲੋਮੈਟਾਂ ਦੀ ਪੂਰੀ ਗਿਣਤੀ ਬਹਾਲ ਕਰਨ ਲਈ ਸਹਿਮਤ ਹੋ ਗਈ ਹੈ। ਪਟਨਾਇਕ ਨੇ ਸਪੱਸ਼ਟ ਕੀਤਾ ਕਿ ਭਾਰਤ ਨੇ ਕਦੇ ਵੀ ਔਟਵਾ ਨੂੰ ਪੂਰੀ ਤਰ੍ਹਾਂ ਸਟਾਫ਼ਿੰਗ ਦੀ ਆਗਿਆ ਦੇਣ ਲਈ ਸਹਿਮਤੀ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਟਰੱਸਟ ਦੋਵਾਂ ਪਾਸਿਆਂ ਤੋਂ ਬਣਾਉਣ ਦੀ ਲੋੜ ਹੈ।

ਪਟਨਾਇਕ ਨੇ ਕਿਹਾ ਕਿ ਅੱਗੇ ਵਧਣ ਲਈ ਔਟਵਾ ਨੂੰ ਪਹਿਲਾਂ ਕੈਨੇਡਾ 'ਚ ਭਾਰਤੀ ਡਿਪਲੋਮੈਟਿਕ ਸਟਾਫ਼ ਦੀ ਮਾਨਤਾ 'ਚ ਹੋ ਰਹੀ ਦੇਰੀ ਨੂੰ ਹੱਲ ਕਰਨਾ

ਚਾਹੀਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਊਰਜਾ ਅਤੇ ਖੇਤੀਬਾੜੀ ਵਰਗੇ ਖੇਤਰਾਂ ਦੇ ਭਾਰਤੀ ਮਾਹਿਰਾਂ ਲਈ ਵੀਜ਼ਾ ਪ੍ਰਕਿਰਿਆ ਬਹੁਤ ਲੰਬੀ ਹੋ ਰਹੀ ਹੈ ਜਿਸ ਕਾਰਨ ਕਈ ਵਾਰ ਸਟਾਫ਼ ਨੂੰ ਛੇ ਮਹੀਨਿਆਂ ਬਾਅਦ ਵੀ ਵੀਜ਼ਾ ਨਾ ਮਿਲਣ ਕਾਰਨ ਆਪਣਾ ਆਉਣਾ ਰੱਦ ਕਰਨਾ ਪੈਂਦਾ ਹੈ।

ਪਟਨਾਇਕ ਨੇ ਜ਼ੋਰ ਦਿੱਤਾ ਕਿ ਕੂਟਨੀਤਕ ਮਿਸ਼ਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਲਈ ਲੋਕਾਂ ਦੀ ਗਿਣਤੀ ਸ਼ੁਰੂ ਕਰਨ ਲਈ ਇੱਕ ਨਿਸ਼ਚਿਤ ਗਤੀ 'ਤੇ ਸਹਿਮਤੀ ਬਣੀ ਹੈ, ਪਰ ਗਿਣਤੀ ਮਹੱਤਵਪੂਰਣ ਨਹੀਂ ਸਗੋਂ ਕੰਮ ਕਰਨ ਦੀ ਸੋਚ ਜ਼ਿਆਦਾ ਮਹੱਤਵਪੂਰਣ ਹੈ।

ਇਸ ਦੇ ਉਲਟ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ 14 ਅਕਤੂਬਰ ਨੂੰ ਕਿਹਾ ਸੀ ਕਿ ਦੋਵੇਂ ਦੇਸ਼ ਇਸ ਗੱਲ 'ਤੇ ਸਹਿਮਤ ਹੋਏ ਸਨ ਕਿ ਉਹ ਆਪਣੀ ਜਨਤਾ ਦੀ ਸੇਵਾ ਕਰਨ ਲਈ ਪਹਿਲਾਂ ਵਾਂਗ ਸਟਾਫ਼ ਵਧਾਉਣਗੇ। ਉਨ੍ਹਾਂ ਨੇ ਇੱਥੋਂ ਤਕ ਕਿਹਾ ਸੀ ਕਿ ਕੈਨੇਡਾ ਓਦੋਂ ਤਕ ਵਪਾਰਕ ਗੱਲਬਾਤ ਮੁੜ ਨਹੀਂ ਖੋਲ੍ਹੇਗਾ ਜਦੋਂ ਤਕ ਭਾਰਤ ਇਹ ਕਦਮ ਨਹੀਂ ਚੁੱਕਦਾ।

US 'ਚ ਇੱਕ ਲੱਖ ਭਾਰਤੀ ਡਰਾਇਵਰਾਂ 'ਤੇ ਮੰਡਰਾ ਰਿਹੈ ਖ਼ਤਰਾ

ਨਿਊ ਯੌਰਕ: US 'ਚ ਸਿੱਖ ਡਰਾਇਵਰਾਂ ਨਾਲ ਜੁੜੇ ਦੋ ਭਿਆਨਕ ਸੜਕ ਹਾਦਸਿਆਂ ਤੋਂ ਬਾਅਦ ਉਨ੍ਹਾਂ ਨੂੰ ਜਾਰੀ ਕੀਤੇ ਗਏ ਡਰਾਈਵਿੰਗ ਲਾਇਸੈਂਸ ਸਵਾਲਾਂ ਦੇ ਘੇਰੇ 'ਚ ਆ ਗਏ ਹਨ। ਇਨ੍ਹਾਂ ਦੋਵਾਂ ਸੜਕ ਹਾਦਸਿਆਂ 'ਚ ਡਰਾਇਵਰਾਂ ਦੀ ਲਾਪਰਵਾਹੀ ਕਾਰਨ ਛੇ ਲੋਕਾਂ ਦੀ ਮੌਤ ਹੋਈ ਸੀ। ਦੋਵੇਂ ਹੀ ਡਰਾਇਵਰ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਹੋਏ ਸਨ।

ਇਨ੍ਹਾਂ ਹਾਦਸਿਆਂ ਤੋਂ ਬਾਅਦ ਅਮਰੀਕਾ 'ਚ ਹੋਏ ਇੱਕ ਵਿਆਪਕ ਸੰਘੀ ਔਡਿਟ 'ਚ ਪਾਇਆ ਗਿਆ ਕਿ ਅਜਿਹੇ ਡਰਾਇਵਰਾਂ ਨੂੰ ਵਪਾਰਕ ਡਰਾਈਵਿੰਗ ਲਾਇਸੈਂਸ ਜਾਰੀ ਕਰਨ 'ਚ ਭਾਰੀ ਬੇਨਿਯਮੀਆਂ ਪਾਈਆਂ ਗਈਆਂ ਹਨ ਜਿਨ੍ਹਾਂ ਕਾਰਨ ਅਮਰੀਕਾ 'ਚ ਕੰਮ ਕਰਨ ਵਾਲੇ ਭਾਰਤ ਤੋਂ ਆਏ ਇੱਕ ਲੱਖ ਤੋਂ ਵੱਧ ਪਰਵਾਸੀ ਟਰੱਕ ਡਰਾਇਵਰ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਦੇ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਨੇ ਅਮਰੀਕਾ 'ਚ ਨਵੀਂ ਬਹਿਸ ਛੇੜ ਦਿੱਤੀ ਹੈ।

ਬਿਨਾਂ ਦਸਤਾਵੇਜ਼ ਵਾਲੇ ਭਾਰਤੀ ਡਰਾਇਵਰਾਂ ਵਿਰੁੱਧ ਹੋਵੇਗੀ ਕਾਰਵਾਈ: ਇੱਕ ਰਿਪੋਰਟ ਦੇ ਅਨੁਸਾਰ US ਆਵਾਜਾਈ ਵਿਭਾਗ (DOT) ਨੇ ਆਪਣੇ ਸੰਘੀ ਮੋਟਰ ਕੈਰੀਅਰ ਸੇਫ਼ਟੀ ਐਡਮਨਿਸਟ੍ਰੇਸ਼ਨ (FMCSA) ਰਾਹੀਂ ਹਾਲ ਹੀ 'ਚ ਇੱਕ ਦੇਸ਼ ਵਿਆਪੀ ਔਡਿਟ ਦੇ ਨਤੀਜਿਆਂ ਦਾ ਐਲਾਨ ਕੀਤਾ ਹੈ ਜਿਨ੍ਹਾਂ 'ਚ ਖ਼ੁਲਾਸਾ ਹੋਇਆ ਹੈ ਕਿ ਕਈ ਸੂਬਿਆਂ ਨੇ ਕਾਨੂੰਨੀ ਸਥਿਤੀ ਅਤੇ ਅੰਗਰੇਜ਼ੀ ਮੁਹਾਰਤ ਦੇ ਸੰਘੀ ਮਾਪਦੰਡਾਂ ਦੀ ਉਲੰਘਣਾ ਕਰਦੇ ਹੋਏ ਗ਼ੈਰ-ਯੋਗਤਾ ਪ੍ਰਾਪਤ ਬਿਨੈਕਾਰਾਂ ਨੂੰ CDL ਜਾਰੀ ਕੀਤੇ ਹਨ। ਇਨ੍ਹਾਂ 'ਚ ਬਿਨਾਂ ਦਸਤਾਵੇਜ਼ਾਂ ਵਾਲੇ ਪਰਵਾਸੀ ਵੀ ਸ਼ਾਮਿਲ ਹਨ।

ਮਾਮਲੇ 'ਚ ਸਭ ਤੋਂ ਵੱਧ ਆਲੋਚਨਾ ਦਾ ਸਾਹਮਣਾ ਕਰਨ ਵਾਲੇ ਸੂਬਿਆਂ 'ਚ ਕੈਲੇਫ਼ੋਰਨੀਆ ਵੀ ਸ਼ਾਮਿਲ ਹੈ। ਔਡਿਟ 'ਚ ਪਾਇਆ ਗਿਆ ਕਿ ਕੈਲੇਫ਼ੋਰਨੀਆ 'ਚ ਜਾਰੀ ਕੀਤੇ ਗਏ ਗ਼ੈਰ-ਨਿਵਾਸੀ CDLs 'ਚ 25 ਫ਼ੀਸਦੀ ਤੋਂ ਵੱਧ ਗ਼ਲਤ ਤਰੀਕੇ ਨਾਲ ਜਾਰੀ ਕੀਤੇ ਗਏ ਸਨ। ਇਨ੍ਹਾਂ 'ਚ ਅਜਿਹੇ ਲਾਇਸੈਂਸ ਵੀ ਸ਼ਾਮਿਲ ਹਨ ਜੋ ਡਰਾਇਵਰਾਂ ਦੇ ਅਮਰੀਕਾ 'ਚ ਅਧਿਕਾਰਿਕ ਪਰਵਾਸ ਦੀ ਮਿਆਦ ਪੁੱਗਣ ਤੋਂ ਬਾਅਦ ਮਹੀਨਿਆਂ



ਬਾਅਦ ਵੀ ਵੈਧ ਸਨ।

ਹਾਲਾਂਕਿ ਔਡਿਟ 'ਚ ਜਨਤਕ ਤੌਰ 'ਤੇ ਦੱਸੇ ਗਏ ਅੰਕੜੇ ਭਾਰਤੀ ਮੂਲ ਦੇ ਸਾਰੇ ਪਰਵਾਸੀ ਟਰੱਕ ਡਰਾਇਵਰਾਂ ਨੂੰ ਸਹੀ ਢੰਗ ਨਾਲ ਨਹੀਂ ਦਰਸਾਉਂਦੇ, ਪਰ ਕੈਲੇਫ਼ੋਰਨੀਆ ਅਤੇ ਫ਼ਲੌਰੀਡਾ 'ਚ ਟਰੱਕ ਡਰਾਇਵਰਾਂ ਨਾਲ ਜੁੜੇ ਦੋ ਹਾਈ-ਪ੍ਰੋਫ਼ਾਈਲ ਭਿਆਨਕ ਹਾਦਸਿਆਂ ਨੇ ਗ਼ੈਰ-ਦਸਤਾਵੇਜ਼ੀ ਪਰਵਾਸੀਆਂ ਵਿਰੁੱਧ ਰੈਗੂਲੇਟਰੀ ਕਾਰਵਾਈ ਦਾ ਰਸਤਾ ਖੋਲ੍ਹ ਦਿੱਤਾ ਹੈ।

ਭਾਰਤੀ ਟਰੱਕ ਡਰਾਇਵਰਾਂ ਖ਼ਿਲਾਫ਼ ਵੱਧ ਸਕਦਾ ਹੈ ਭੇਦਭਾਵ: ਭਾਰਤ ਤੋਂ ਆਏ ਕਈ ਪਰਵਾਸੀ ਟਰੱਕ ਡਰਾਇਵਰਾਂ ਲਈ ਇਹ ਘਟਨਾਕ੍ਰਮ ਚਿੰਤਾਜਨਕ ਹੈ। ਇੱਕ ਪਾਸੇ ਜਿੱਥੇ ਹੁਣ ਹਜ਼ਾਰਾਂ ਭਾਰਤੀ ਮੂਲ ਦੇ ਡਰਾਇਵਰ, ਜੋ ਕਾਨੂੰਨੀ ਤੌਰ 'ਤੇ ਕੰਮ ਕਰ ਰਹੇ ਹਨ, ਸੰਭਾਵੀ ਲਾਇਸੈਂਸ ਰੱਦ ਹੋਣ ਜਾਂ ਨੌਕਰੀ ਗੁਆਉਣ ਦੇ ਖ਼ਤਰੇ ਦਾ ਸਾਹਮਣਾ ਕਰ ਰਹੇ ਹਨ, ਉੱਥੇ ਹੀ ਦੂਜੇ ਪਾਸੇ ਭਾਰਤੀ ਟਰੱਕ ਡਰਾਇਵਰਾਂ ਖ਼ਿਲਾਫ਼ ਭੇਦਭਾਵ ਵੀ ਵੱਧ ਰਿਹੈ। ਫ਼ਲੌਰੀਡਾ ਦੇ ਸਥਾਨਕ TV ਸਟੇਸ਼ਨਾਂ ਨੇ ਵੀ ਸਟਿੰਗ ਆਪ੍ਰੇਸ਼ਨ ਕੀਤੇ ਹਨ ਜਿਨ੍ਹਾਂ 'ਚ ਪਰਵਾਸੀ ਟਰੱਕ ਡਰਾਇਵਰ ਬਿਨੈਕਾਰਾਂ ਨੂੰ ਬਾਹਰੋਂ ਜਵਾਬ ਪ੍ਰਦਾਨ ਕਰਨ ਵਾਲੇ ਯੰਤਰਾਂ ਦੀ ਵਰਤੋਂ ਕਰ ਕੇ ਅੰਗਰੇਜ਼ੀ ਮੁਹਾਰਤ ਟੈੱਸਟਾਂ 'ਚ ਧੋਖਾਦੇਹੀ ਕਰਦੇ ਦਿਖਾਇਆ ਗਿਆ ਹੈ।

ਅਮਰੀਕੀ ਪ੍ਰਸ਼ਾਸਨ ਨੇ ਹੁਣ ਤਕ ਚੁੱਕੇ ਹਨ ਇਹ ਕਦਮ: ਫ਼ਲੌਰੀਡਾ ਨੇ ਕੈਲੇਫ਼ੋਰਨੀਆ ਅਤੇ ਵਾਸ਼ਿੰਗਟਨ ਵਰਗੇ ਸੂਬਿਆਂ 'ਤੇ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ CDL ਜਾਰੀ ਕਰਨ ਦਾ ਦੋਸ਼ ਲਾਉਂਦਿਆਂ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਹੈ। ਅਮਰੀਕੀ ਆਵਾਜਾਈ ਵਿਭਾਗ (DOT) ਨੇ ਟਰੱਕ ਡਰਾਇਵਰਾਂ ਲਈ ਅੰਗਰੇਜ਼ੀ ਭਾਸ਼ਾ ਦੀ ਜ਼ਰੂਰਤ ਨੂੰ ਸਖ਼ਤੀ ਨਾਲ ਲਾਗੂ ਕਰਨਾ ਸ਼ੁਰ ਕਰ ਦਿੱਤਾ ਹੈ। ਇਸ ਨਿਯਮ ਦੀ ਪਾਲਣਾ ਨਾ ਕਰਨ 'ਤੇ ਕੈਲੇਫ਼ੋਰਨੀਆ ਨੂੰ ਜੁਰਮਾਨਾ ਵੀ ਲਾਇਆ ਗਿਆ ਸੀ।

ਇਨ੍ਹਾਂ ਹਾਦਸਿਆਂ ਤੋਂ ਬਾਅਦ ਅਮਰੀਕੀ ਸਰਕਾਰ ਨੇ ਵਿਦੇਸ਼ੀ ਟਰੱਕ ਡਰਾਇਵਰਾਂ ਨੂੰ ਵਰਕ ਵੀਜ਼ਾ ਜਾਰੀ ਕਰਨ 'ਤੇ ਰੋਕ ਲਾ ਦਿੱਤੀ ਹੈ। ਨਵੇਂ ਨਿਯਮਾਂ ਅਨੁਸਾਰ ਗ਼ੈਰ-ਨਾਗਰਿਕਾਂ ਨੂੰ CDL ਤਾਂ ਹੀ ਮਿਲੇਗਾ ਜਦੋਂ ਉਨ੍ਹਾਂ ਕੋਲ ਰੁਜ਼ਗਾਰ-ਆਧਾਰਿਤ ਵੀਜ਼ਾ ਹੋਵੇਗਾ, ਅਤੇ ਉਨ੍ਹਾਂ ਨੇ ਲੋੜੀਂਦੀ ਸੰਘੀ ਇਮੀਗ੍ਰੇਸ਼ਨ ਸਥਿਤੀ ਜਾਂਚ ਪਾਸ ਕੀਤੀ ਹੋਵੇ। DOT ਨੇ ਚਿਤਾਵਨੀ ਦਿੱਤੀ ਹੈ ਕਿ ਜੋ ਸੂਬੇ ਇਨ੍ਹਾਂ ਨਵੇਂ ਨਿਯਮਾਂ ਦੀ ਪਾਲਣਾ ਨਹੀਂ ਕਰਦੇ ਹਨ, ਉਨ੍ਹਾਂ ਨੂੰ ਸੰਘੀ ਹਾਈਵੇਅ ਫ਼ੰਡਿੰਗ ਤੋਂ ਵਾਂਝਾ ਕੀਤਾ ਜਾ ਸਕਦਾ ਹੈ।

SANDHU DENTISTRY
PROFESSIONAL CORPORATION
SANDHU DENTISTRY
Dr. Sashpal Singh Sandhu
(D.D.S., & ASSOCIATES)
* Scaling, Polishing * Fillings
* Bleaching * Extractions
* Crown, Bridges * Root Canals
* Dentures * Gum Treatment
BRACES TREATMENT FOR KIDS & ADULTS
www.drssandhu.com
ਡਾ. ਸਸ਼ਪਾਲ ਸਿੰਘ ਸੰਧੂ
B.D.S., D.D.S
Dewside Family Dentistry
2 Dewside Drive, Unit 30.
Phone: 905 789 7577
Email: dewside_dentistry@yahoo.com
ਡਾ. ਹਰਜੋਤ ਗਰੇਵਾਲ
DDS
Dr. Sandhu Charolais/ Mavis Dental Centre
(In Shoppers Drug Mart Plaza)
510 Charolais Blvd.,
Unit 4, Brampton, ON L6Y 0R5
Phone: 905 455 8585
Dr. Sandhu Bovaird/Chinguacousy Dental Centre
(In Pendale Square Plaza)
811 Bovaird Drive W.,
Brampton ON L6X 0T9
Phone: 905 450 5600
S.M. Springdale Dental Centre
2260 Bovaird Dr. East
Unit No. 119, Brampton, On L6R 3J5
Phone: 905 789 8266
Gore Ebenezer Dental Centre
4550 Ebenezer Road
Unit No. 2 &3 Brampton, On. L6P 2R2
Phone: 905-794-5667
ਆਪਣੇ ਦੰਦਾਂ ਦੀ ਸੰਭਾਲ ਅਤੇ ਹਰ ਤਰ੍ਹਾਂ ਦੇ ਇਲਾਜ ਲਈ ਤੁਹਾਡਾ ਆਪਣਾ ਫੈਮਿਲੀ ਡੈਂਟਲ ਸੈਂਟਰ
Monday to Friday : 11 am to 7 pm, Saturday : 10 am to 3 pm
(with appointment only)

GLOBAL VILLAGE IMMIGRATION SOLUTIONS LTD
Home Care Worker Immigration Pilots
Attention: Any kind of work permit holders (including PGWP holders)
• Only 8 months left to apply to get Permanent Residency under Home Care Worker Immigration Pilots Program
• Program will begin at 9 am on 31st March 2026 and finish within 2 hours, no more applications will be accepted until 31st March 2027 then where your quota will decrease to 2,750 only
• Only 5,500 applications will be accepted
• 2,750 under childcare and 2,750 under elderly care
• Consider this as your last chance if you want to become Permanent Resident of Canada as this program has no point system
• Only CLB 4 required in general IELTS, meaning in IELTS only 4.5 bands required in Listening, 4 bands each in writing and speaking and 3.5 bands in Reading
• One employer is required, who has child or elder person to be cared for
• You have either in person classroom training in PSW/Childcare training from overseas/within Canada or 6 months experience in childcare/elderly care (PGWP and open work permit holders can do it now also)
So what are you waiting for? Make your first step towards and book your paid appointment with Regulated Canadian Immigration Consultant Harmanjot Sodhi, Nanny Specialist for over 22 years.
4515 Ebenezer Rd., Unit 215, Brampton
416-848-3930
www.globalvillageimmigration.com
handle global_village_immigration_
Harmanjot Sodi
B.E. (Electronics and Telecommunications)
Regulated Canadian Immigration Consultant,
Member, College of Immigration and Citizenship Consultants,
Member, Canadian Association of Professional Immigration Consultants,
India Office: SCF 28, Sector 56, (Phase 6) Mohali, Punjab, +91-90410-58844

LAW OFFICE AMAN SHARMA
REAL ESTATE
(Residential/Commercial)
✷ BUSINESS PURCHASE AND SALE
✷ COMMERCIAL LEASE
✷ 2ND MORTGAGE, RE FINANCE
✷ FRANCHISE BUSINESS PURCHASE & SALE.
✷ IMMIGRATION SERVICES
✷ NOTARIZATION, AFFIDAVITS, WILLS & POWER OF ATTORNEY
AMAN SHARMA
Barrister, Solicitor & Notary Public
Tel: 905-913-2355 Fax: 905-913-2344
Email: info@lawofficeamansharma.ca
25 Cherrycrest Drive, Unit # 6,
Brampton, Ontario, L6P 3W4